THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:-ਪੀ.ਐਸ.ਬੀ./ਆਈ.ਟੀ./ਜੁਲਾਈ-2017/ 1843 ਅਤਿ ਜਰੂਰੀ ਮਿਤੀ: 18.7.17

ਸੇਵਾ ਵਿਖੇ

ਪ੍ਰਿੰਸੀਪਲ/ਮੁਖ ਅਧਿਆਪਕ,
ਸਮੂਹ ਪ੍ਰੀਖਿਆ ਕੇਂਦਰ (NCVT ਅਧੀਨ ਆਈ. ਟੀ. ਆਈ. ਦੀ ਹੋਣ ਵਾਲੀ ਪ੍ਰੀਖਿਆ ਲਈ)
ਪੰਜਾਬ ਰਾਜ ਅਧੀਨ।

ਵਿਸ਼ਾ: ਪ੍ਰੀਖਿਆ ਜੁਲਾਈ-2017 ਲਈ ਪ੍ਰੀਖਿਆ ਕੰਡਕਟ ਕਰਵਾਉਣ ਅਤੇ ਪੈਕਿੰਗ/ਸਾਂਭ ਸੰਭਾਂਲ ਸਬੰਧੀ ਹਦਾਇਤਾਂ ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਪਿਛਲੀ ਪ੍ਰੀਖਿਆ ਦੋਰਾਨ ਬੋਰਡ ਦਫਤਰ ਦੇ ਧਿਆਨ ਵਿੱਚ ਇਹ ਆਇਆ ਹੈ ਕਿ ਪ੍ਰੀਖਿਆ ਕੇਂਦਰਾਂ ਦੁਆਰਾ ਉਤਰਕਾਪੀਆਂ ਦੀ ਪੈਕਿੰਗ ਕਰਨ ਸਮੇਂ ਕਾਫੀ ਅਣਗਹਿਲੀ ਵਰਤੀ ਜਾਂਦੀ ਰਹੀ ਹੈ, ਜਿਸ ਕਾਰਨ ਵਿਦਿਆਰਥੀਆਂ ਦੇ ਸਹੀ ਰਿਜਲਟ ਸਮੇਂ ਸਿਰ ਘੋਸ਼ਿਤ ਹੋਣ ਵਿੱਚ ਕਾਫੀ ਮੁਸ਼ਕਲਾਂ ਪੇਸ਼ ਆਈਆਂ ਹਨ ਅਤੇ ਸਿਖਿਆਰਥੀਆਂ ਦਾ ਕਾਫੀ ਨੁਕਸਾਨ ਵੀ ਹੋਇਆ ਹੈ, ਭਾਵੇਂ ਵਿਦਿਆਰਥੀਆਂ ਦਾ ਇਸ ਵਿੱਚ ਸਿੱਧੇ ਤੌਰ ਤੇ ਕੋਈ ਕਸੂਰ ਵੀ ਨਹੀਂ ਹੈ।

ਉਪਰੋਕਤ ਦੇ ਸਨਮੁੱਖ ਵਿਦਿਆਰਥੀਆਂ ਦੇ ਹਿਤ ਨੂੰ ਮੁੱਖ ਰਖਦੇ ਹੋਏ ਪ੍ਰੀਖਿਆ ਜੁਲਾਈ 2017 ਲਈ ਪ੍ਰੀਖਿਆ ਕੇਂਦਰਾਂ/ਸੰਸਥਾਵਾਂ ਨੂੰ ਹੇਠ ਦਰਸਾਏ ਅਨੁਸਾਰ ਉਤਰਕਾਪੀਆਂ ਪੈਕਿੰਗ ਕਰਨ ਸਬੰਧੀ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਐਨ.ਸੀ.ਵੀ.ਟੀ. ਸਕੀਮ ਅਧੀਨ ਪ੍ਰੀਖਿਆਵਾਂ ਲਈ ਡੀ. ਜੀ. ਟੀ. ਨਵੀਂ ਦਿੱਲੀ ਵਲੋਂ ਜਾਰੀ ਓ.ਐਮ.ਆਰ. ਸ਼ੀਟਾਂ ਹੀ ਇਸਤੇਮਾਲ ਕੀਤੀਆਂ ਜਾਣ।
2. ਇੰਜ. ਡਰਾਇੰਗ ਦੀ ਉਤਰਕਾਪੀਆਂ ਦੇ ਨਾਲ ਪ੍ਰਸ਼ਨ-ਪੱਤਰ ਅਤੇ ਹਾਜਿਰੀ-ਸ਼ੀਟ ਦੀ ਕਾਪੀ ਜਰੂਰ ਰੱਖੀ ਜਾਵੇ।
3. ਇਸ ਤੋਂ ਇਲਾਵਾ ਪ੍ਰੀਖਿਆਵਾਂ ਕੇਂਦਰ ਉਤਰਕਾਪੀਆਂ/ਓ. ਐਮ. ਆਰ. ਸ਼ੀਟਾਂ ਹੇਠ ਦਰਸਾਏ ਅਨੁਸਾਰ ਪੈਕਿੰਗ ਕਰਨਾ ਯਕੀਨੀ ਬਨਾਉਣਗੀਆਂ:-

ੳ) ਐਨ.ਸੀ.ਵੀ.ਟੀ. ਕੰਨਵੈਨਸ਼ਨਲ ਓਲਡ ਪੈਟਰਨ ਦੀਆਂ ਉਤਰਕਾਪੀਆਂ ਦੇ ਪੈਕਟ ਚਿੱਟੇ ਰੰਗ (White color) ਦੇ ਥੈਲੇ / ਬੋਰੀ ਵਿੱਚ ਪੈਕ ਕੀਤੇ ਜਾਣ।

ਅ) ਐਨ.ਸੀ.ਵੀ.ਟੀ. ਦੀਆਂ ਡਰਾਇੰਗ ਸ਼ੀਟਾਂ ਲਾਲ ਰੰਗ (red color) ਦੇ ਲਿਫਾਫੇ/ਥੈਲੇ/ਬੋਰੀ ਵਿੱਚ ਪੈਕ ਕੀਤੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ।

ੲ) ਐਨ.ਸੀ.ਵੀ.ਟੀ. ਸਮਸੈਟਰ ਸਿਸਟਮ ਦੀਆਂ ਓ.ਐਮ.ਆਰ. ਸ਼ੀਟਾਂ ਦੇ ਪੈਕਟ ਪੀਲੇ ਰੰਗ (yellow color) ਦੇ ਥੈਲੇ/ਬੋਰੀ ਵਿੱਚ ਹੀ ਪੈਕ ਕੀਤੇ ਜਾਣੇ ਯਕੀਨੀ ਬਣਾਏ ਜਾਣ।

ਇਹ ਖਾਸ ਧਿਆਨ ਰੱਖਿਆ ਜਾਵੇ ਕਿ ਓ.ਐਮ.ਆਰ. ਸ਼ੀਟਾਂ ਬੋਰਡ ਦਫਤਰ ਵਿਖੇ ਭੇਜਣ ਸਮੇਂ ਸਹੀ ਢੰਗ ਨਾਲ ਹਦਾਇਤਾਂ ਅਨੁਸਾਰ ਪੈਕ ਕੀਤੀਆਂ ਹੋਣ। ਇਹਨਾਂ ਓ.ਐਮ.ਆਰ. ਸ਼ੀਟਾਂ ਨੂੰ ਪੈਕਿੰਗ ਦੇ ਦੋਨੋਂ ਪਾਸੇ ਗੱਤੇ ਲਗਾ ਕੇ ਪੀਲੇ ਲਿਫਾਫੇ ਵਿੱਚ ਪੈਕ ਕੀਤਾ ਜਾਵੇ ਤਾਂ ਜੋ ਸ਼ੀਟਾਂ ਫੋਲਡ/ਖਰਾਬ ਨਾਂ ਹੋਣ। ਇਸ ਤੋਂ ਇਲਾਵਾ ਲਿਫਾਫੇ ਉਤੇ ਡੀ.ਜੀ.ਟੀ. ਨਵੀਂ ਦਿੱਲੀ/ਬੋਰਡ ਦਫਤਰ ਵਲੋਂ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਅਨੁਸਾਰ ਪ੍ਰੀਖਿਆ ਸਬੰਧੀ

ਪੂਰਾ ਵੇਰਵਾ (ਪ੍ਰੀਖਿਆ ਕੇਂਦਰ ਦਾ ਨਾਂ , ਕੋਡ, ਮਿਤੀ, ਸਮੈਸਟਰ, ਸ਼ਿਫਟ, ਟਰੇਡ ਦਾ ਨਾਂ, ਉਤਰਕਾਪੀਆਂ ਦੀ ਗਿਣਤੀ ਆਦਿ) ਦਰਸਾਇਆ ਜਾਵੇ।

ਸ) ਬੋਰੀ ਦੇ ਉਤੇ ਪ੍ਰੀਖਿਆ ਸੈਂਟਰ ਦਾ ਨਾਂ ਮੋਟੇ ਕਾਲੇ ਮਾਰਕਰ ਨਾਲ ਲਿਖਣਾ ਯਕੀਨੀ ਬਣਾਇਆ ਜਾਵੇ।

4) ਨੋਡਲ ਸੈਂਟਰਾਂ ਦੇ ਮੁੱਖੀ ਪ੍ਰੀਖਿਆ ਕੇਂਦਰਾਂ ਤੋਂ ਉਤਰਕਾਪੀਆਂ ਦੇ ਥੈਲੇ ਲੈਣ ਤੋਂ ਪਹਿਲਾਂ ਇਹ ਯਕੀਨੀ ਬਣਾ ਲੈਣ ਕਿ ਉਹਨਾਂ ਵਲੋਂ ਪ੍ਰਾਪਤ ਉਤਰਕਾਪੀਆਂ ਦੇ ਥੈਲੇ ਲੜੀ ਨੰਬਰ 3 ਦੇ ਅਧੀਨ ਦਰਸਾਏ ੳ, ਅ, ੲ ਅਤੇ ਸ ਤੇ ਦਰਸਾਈਆਂ ਹਦਾਇਤਾਂ ਅਨੁਸਾਰ ਹੀ ਬਣਾਏ ਗਏ ਹਨ।

5) ਇਸ ਤੋਂ ਇਲਾਵਾ ਸਮੂਹ ਪ੍ਰੀਖਿਆ ਕੇਂਦਰਾਂ ਵਿੱਚ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਹਰ ਰੋਜ਼ ਪ੍ਰੀਖਿਆ ਖਤਮ ਹੋਣ ਉਪਰੰਤ ਜਿਸ ਕਮਰੇ ਵਿੱਚ ਉਤਰਕਾਪੀਆਂ ਸੰਭਾਲ ਕੇ ਰੱਖੀਆਂ ਜਾਣੀਆਂ ਹਨ, ਉਸ ਕਮਰੇ ਨੂੰ ਤਾਲਾ ਲਗਾ ਕੇ ਉਸ ਉੱਤੇ ਸੀਲ ਲੱਗੀ ਹੋਵੇ ਜਿਸ ਉੱਤੇ ਸੁਪਰਡੰਟ ਪ੍ਰੀਖਿਆ ਅਤੇ ਸਬੰਧਤ ਪ੍ਰਿੰਸੀਪਲ ਦੇ ਹਸਤਾਖਰ ਹੋਣੇ ਲਾਜਮੀ ਹੋਣਗੇ।

6) ਪ੍ਰਿੰਸੀਪਲ/ਸੰਸਥਾ ਮੁਖੀ, ਬੋਰਡ ਦਫਤਰ ਅਤੇ ਡੀ.ਜੀ.ਟੀ. ਨਵੀਂ ਦਿੱਲੀ ਵਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਸਬੰਧੀ ਜਾਣਕਾਰੀ ਬਾਰੇ ਆਪਣੇ ਪੱਧਰ ਤੇ ਇੰਨਵੀਜੀਲੇਟਿੰਗ ਸਟਾਫ ਨੂੰ ਜਾਣੂ ਕਰਵਾਉਂਦੇ ਰਹਿਣ।

ਉਪਰੋਕਤ ਦਰਸਾਈਆਂ ਹਦਾਇਤਾਂ ਦੀ ਪ੍ਰੀਖਿਆ ਕੇਂਦਰਾਂ ਦੇ ਪ੍ਰਿੰਸੀਪਲ ਅਤੇ ਸੁਪਰਡੰਟ ਦੁਆਰਾ ਇੰਨਬਿੰਨ ਪਾਲਣਾ ਕਰਨੀ/ਕਰਵਾਉਣੀ ਯਕੀਨੀ ਬਣਾਈ ਜਾਵੇਗੀ। ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਜਾਂ ਕੁਤਾਹੀ ਦੀ ਸੂਰਤ ਵਿੱਚ ਸਮੁੱਚੀ ਜਿੰਮੇਵਾਰੀ ਪ੍ਰੀਖਿਆ ਕੇਂਦਰ ਦੇ ਮੁੱਖੀ ਅਤੇ ਪ੍ਰੀਖਿਆ ਸੁਪਰਡੰਟ ਦੀ ਹੋਵੇਗੀ।

ਨਰਸ਼
18.7.17
ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ.)
ਵਾਸਤੇ ਸਕੱਤਰ
**PSBTE & IT,Chd.**

ਉਪਰੋਕਤ ਦਾ ਉਤਾਰਾ ਹੇਠ ਲਿਖੀਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਸਕੱਤਰ
2. ਸਿਸਟਮ ਐਡਮਨ.
3. ਐਡਮਨ ਆਫਿਸਰ

Sd-
ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ.)
ਵਾਸਤੇ ਸਕੱਤਰ
**PSBTE & IT,Chd.**